www.xtrapapers.com

AQA

AS

# PANJABI

Unit 1 Reading and Writing

# Insert

Text to be used when answering Section 1

www.xtrapapers.com



Text for use with **Section 1**

(ੳ)

## ਪੰਜਾਬੀ ਸਿਨਮੇ ਦੀ ਜਿੰਦ-ਜਾਨ ਸੀ - ਵਰਿੰਦਰ

ਵਰਿੰਦਰ ਇੱਕ ਅਜਿਹਾ ਫਿਲਮੀ ਅਦਾਕਾਰ ਸੀ ਜਿਸ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬਹੁਤ ਨੇੜਿਓਂ ਫਿਲਮੀ ਪਰਦੇ ਉੱਤੇ ਉਤਾਰਿਆ। ਉਸ ਦੀਆਂ ਫਿਲਮਾਂ ਵਿੱਚ ਪੰਜਾਬ ਦੇ ਲੋਕਾਂ ਦੀ ਆਵਾਜ਼ ਹੁੰਦੀ ਸੀ। ਪੰਜਾਬੀਆਂ ਦੀਆਂ ਮੁਸ਼ਕਲਾਂ ਅਤੇ ਸਮਾਜਿਕ ਕੁਰੀਤੀਆਂ ਨੂੰ ਉਸ ਨੇ ਆਪਣੀਆਂ ਫਿਲਮਾਂ ਦਾ ਹਿੱਸਾ ਬਣਾਇਆ।

'ਸਰਪੰਚ' ਫਿਲਮ ਰਾਹੀਂ ਉਸ ਨੇ ਨਸ਼ਿਆਂ ਦੀ ਸਮੱਸਿਆ ਨੂੰ ਪੇਸ਼ ਕੀਤਾ ਅਤੇ ਦਿਖਾਇਆ ਕਿ ਆਪਣੀਆਂ ਜੇਬਾਂ ਭਰਨ ਲਈ ਨਸ਼ਿਆਂ ਦੇ ਵਪਾਰੀ ਕਿਵੇਂ ਪੰਜਾਬ ਦੀ ਜਵਾਨੀ ਖਾਤਮੇ ਦੇ ਰਾਹ ਪਾ ਰਹੇ ਹਨ। ਜੇ ਅੱਜ ਪੰਜਾਬ ਦੀ ਹਾਲਤ ਦੇਖੀ ਜਾਵੇ ਤਾਂ ਸਾਨੂੰ ਵਰਿੰਦਰ ਦੀ ਉਸਾਰੂ ਸੋਚ ਅਤੇ ਦੂਰ-ਅੰਦੇਸ਼ੀ ਬਾਰੇ ਪਤਾ ਲਗਦਾ ਹੈ।

ਫਿਲਮ 'ਯਾਰੀ ਜੱਟ ਦੀ' ਵਿੱਚ ਵਰਿੰਦਰ ਨੇ ਇੱਕ ਅਜਿਹੀ ਖ਼ੂਬਸੂਰਤ ਮੁਟਿਆਰ ਦੀ ਕਹਾਣੀ ਪੇਸ਼ ਕੀਤੀ ਜਿਸ ਦੀ ਮਤਰੇਈ ਮਾਂ ਉਸ ਦਾ ਵਿਆਹ ਕਨੇਡਾ ਤੋਂ ਆਏ ਬੁੱਢੇ ਲਾੜੇ ਨਾਲ ਕਰਕੇ ਉਸ ਨੂੰ ਆਪਣੇ ਹਾਣੀ ਦੇ ਪਿਆਰ ਤੋਂ ਦੂਰ ਭੇਜ ਦਿੰਦੀ ਹੈ।

ਵਰਿੰਦਰ ਦੀਆਂ ਫਿਲਮਾਂ ਦੀ ਦਰਸ਼ਕ ਬੇਸਬਰੀ ਨਾਲ ਉਡੀਕ ਕਰਦੇ ਸਨ ਅਤੇ ਉਸ ਦੀ ਫਿਲਮ ਕਈ ਕਈ ਹਫਤੇ ਇੱਕੋ ਸਿਨਮੇ ਵਿੱਚ ਲੱਗੀ ਰਹਿੰਦੀ ਸੀ। ਦਰਸ਼ਕਾਂ ਦਾ ਜਿਹੜਾ ਪਿਆਰ ਵਰਿੰਦਰ ਦੇ ਹਿੱਸੇ ਵਿੱਚ ਆਇਆ ਉਹ ਅਜੇ ਤੱਕ ਸ਼ਾਇਦ ਕਿਸੇ ਹੋਰ ਪੰਜਾਬੀ ਅਦਾਕਾਰ ਨੂੰ ਨਹੀਂ ਮਿਲਿਆ।

www.xtrapapers.com



Text for use with **Section 1**

(ਅ)

## ਪੰਜਾਬੀ ਬੋਲੀ ਦਾ ਅੱਜ ਤੇ ਭਲਕ

ਪੰਜਾਬੀ ਬੋਲੀ ਦੇ ਦੀਵਾਨਿਆਂ ਨੂੰ ਡਾਢਾ ਫਿਕਰ ਲੱਗਾ ਹੋਇਆ ਹੈ ਕਿ ਕਈ ਹੋਰ ਬੋਲੀਆਂ ਵਾਂਗ ਅੰਗਰੇਜ਼ੀ ਦੇ ਪ੍ਰਭਾਵ ਕਾਰਨ ਪੰਜਾਬੀ ਦਾ ਘੇਰਾ ਵੀ ਕਿਤੇ ਛੋਟਾ ਨਾ ਹੋ ਜਾਵੇ। ਪਰ ਇਸ ਤੋਂ ਵੀ ਵੱਧ ਫਿਕਰ ਹੈ ਇਸ ਦੇ ਉਚਾਰਨ, ਸ਼ਬਦ-ਜੋੜ ਅਤੇ ਲਿਖਤ ਵਿੱਚ ਆ ਰਹੀਆਂ ਗਲਤੀਆਂ ਦਾ ।

ਇਹ ਸੱਚ ਹੈ ਕਿ ਕਿਸੇ ਵੀ ਬੋਲੀ ਦਾ ਰੂਪ ਸਦਾ ਇੱਕੋ ਜਿਹਾ ਨਹੀਂ ਰਹਿੰਦਾ। ਹਰ ਬੋਲੀ ਨਵੇਂ ਭੂਗੋਲਿਕ, ਸਮਾਜਿਕ ਅਤੇ ਤਕਨੀਕੀ ਕਾਰਨਾਂ ਦੇ ਪ੍ਰਭਾਵ ਹੇਠ ਨਵਾਂ ਰੰਗ-ਰੂਪ ਅਪਨਾਉਣ ਲੱਗ ਜਾਂਦੀ ਹੈ। ਪੁਰਾਣੇ ਜ਼ਮਾਨੇ ਵਿੱਚ ਸੰਚਾਰ ਸਾਧਨਾਂ ਦੀ ਕਮੀ ਕਰਕੇ ਕਿਸੇ ਵੀ ਬੋਲੀ ਦਾ ਰੂਪ ਵੀਹ-ਪੱਚੀ ਮੀਲ ਦੀ ਦੂਰੀ ਤੇ ਬਦਲ ਜਾਂਦਾ ਸੀ। ਪਰ ਅੱਜ ਕੱਲ੍ਹ ਤਾਂ ਟੀ ਵੀ, ਰੇਡੀਓ, ਅਖਬਾਰਾਂ ਅਤੇ ਇੰਟਰਨੈੱਟ ਨੇ ਸਾਰੀ ਦੁਨੀਆਂ ਨੂੰ ਇੱਕ ਪਿੰਡ ਵਾਂਗ ਬਣਾ ਦਿੱਤਾ ਹੈ ਜਿਸ ਨਾਲ ਬੋਲੀ ਵਿੱਚ ਇੱਕਸਾਰਤਾ ਲਿਆਉਣੀ ਸੌਖੀ ਹੋ ਸਕਦੀ ਹੈ।

ਵਿਦੇਸ਼ਾਂ ਵਿੱਚ ਮੀਡੀਆ ਨੇ ਪੰਜਾਬੀ ਬੋਲੀ ਦੇ ਵਿਕਾਸ ਵਿੱਚ ਜਿੱਥੇ ਅਹਿਮ ਭੂਮਿਕਾ ਨਿਭਾਈ ਹੈ, ਉੱਥੇ ਪੰਜਾਬੀ ਦਾ ਰੰਗ-ਰੂਪ ਵਿਗਾੜਨ ਵਿੱਚ ਵੀ ਕਸਰ ਨਹੀਂ ਛੱਡੀ।

www.xtrapapers.com



**There is no text printed on this page**

**Copyright information**

For confidentiality purposes, from the November 2015 examination series, acknowledgements of third party copyright material will be published in a separate booklet rather than including them on the examination paper or support materials. This booklet is published after each examination series and is available for free download from www.aqa.org.uk after the live examination series.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team, AQA, Stag Hill House, Guildford, GU2 7XJ.

Copyright © 2016 AQA and its licensors.  All rights reserved.